## ਐਗਜ਼ੈਕਟਿਵ ਖ਼ੁਲਾਸਾ

### ਪਿਠਭੂਮੀ

ਇਹ ਸਕਾਟਲੈਂਡ ਵਿੱਚ ਇਨਸਪੈਕਟੋਰੇਟ ਆਫ਼ ਪ੍ਰਾਸਿਕਿਊਸ਼ਨ ਦੀ ਪਹਿਲੀ ਰਿਪੋਰਟ ਹੈ। ਇਨਸਪੈਕਟੋਰੇਟ ਦੀ ਸਥਾਪਨਾ 1998 ਵਿੱਚ ਛੋਕਰ (Chhokar) ਕਤਲ ਤੋਂ ਬਾਅਦ ਮਨਿਸਟਰਾਂ ਨੂੰ ਪੇਸ਼ ਕੀਤੀ ਗਈ ਡਾ. ਰਾਜ ਜੰਡੂ (Dr. Raj Jandoo) ਦੀ ਰਿਪੋਰਟ ਵਿੱਚ ਪਹਿਲੀ ਸਿਫ਼ਾਰਸ਼ ਸੀ।

ਉਨ੍ਹਾਂ ਦੀ ਦੂਜੀ ਸਿਫ਼ਾਰਸ਼ ਇਹ ਸੀ ਕਿ ਨਸਲੀ ਮੁੱਦਿਆਂ ਬਾਰੇ ਕ੍ਰਾਊਨ ਆਫ਼ਿਸ ਅਤੇ ਪ੍ਰੋਕਿਯੁਰੇਟਰ ਫ਼ਿਸਕਲ ਸਰਵਿਸ (ਵਿਭਾਗ) ਦੇ ਉੱਤਰ ਦੇ ਸੰਬੰਧ ਵਿੱਚ ਨਵੇਂ ਇਨਸਪੈਕਟੋਰੇਟ ਵਲੋਂ ਰਿਪੋਰਟ ਪੇਸ਼ ਕੀਤੀ ਜਾਣੀ ਚਾਹੀਦੀ ਹੈ। ਇਹ ਰਿਪੋਰਟ ਉਸ ਸਿਫ਼ਾਰਸ਼ 'ਤੇ ਅਮਲ ਦਾ ਨਤੀਜਾ ਹੈ।

ਡਾ. ਜੰਡੂ ਨੇ ਸਿਫ਼ਾਰਸ਼ ਕੀਤੀ ਸੀ ਕਿ ਇਹ ਰਿਪੋਰਟ ਸਿਰਫ਼ ਕਾਗ਼ਜ਼ਾਂ ਦੇ ਆਧਾਰ 'ਤੇ ਨਹੀਂ ਤਿਆਰ ਕੀਤੀ ਜਾਣੀ ਚਾਹੀਦੀ, ਸਗੋਂ ਇਸ ਵਿੱਚ ਬਾਹਰਲੇ ਸਰੋਤਾਂ ਨੂੰ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਇਸ ਮਨੋਰਥ ਨਾਲ ਸਕਾਟਲੈਂਡ ਭਰ ਵਿੱਚ ਕਈ ਗਰੁੱਪਾਂ ਨਾਲ ਸੰਪਰਕ ਕੀਤਾ ਗਿਆ, ਸਵਾਲਨਾਮੇ ਭੇਜੇ ਗਏ, ਅਤੇ ਪੀੜਤ ਵਿਅਕਤੀਆਂ, ਦੁਭਾਸ਼ੀਆਂ, ਵਿਸ਼ੇਸ਼ਗਾਂ ਅਤੇ ਹੋਰਨਾਂ ਨੂੰ ਮਿਲਕੇ ਉਨ੍ਹਾਂ ਨਾਲ ਇੰਟਰਵਿਊ ਕੀਤੇ ਗਏ। ਰਿਪੋਰਟ ਦੀ ਤਿਆਰੀ ਵਿੱਚ ਮਾਰਗ ਦਰਸ਼ਨ ਅਤੇ ਸਹਾਇਤਾ ਲਈ ਇਕ ਰੈਫ਼ਰੈਂਸ ਗਰੁੱਪ ਕਾਇਮ ਕੀਤਾ ਗਿਆ, ਜਿਸ ਵਿੱਚ ਸਮੀਖਿਆ ਦੇ ਖੇਤਰ ਵਿੱਚ ਦਿਲਚਸਪੀ ਰਖਣ ਅਤੇ ਤਜਰਬੇ ਵਾਲੇ ਵਿਅਕਤੀ ਸ਼ਾਮਲ ਕੀਤੇ ਗਏ।

ਰਿਪੋਰਟ ਵਿੱਚ ਮੁਖ ਤੌਰ 'ਤੇ ਇਸ ਗਲ ਦੀ ਘੋਖ ਕੀਤੀ ਗਈ ਹੈ ਕਿ ਡਾ. ਜੰਡੂ ਜਿਨ੍ਹਾਂ ਨਤੀਜਿਆਂ 'ਤੇ ਪਹੁੰਚੇ, ਉਨ੍ਹਾਂ ਬਾਰੇ ਵਿਭਾਗ ਦਾ ਪ੍ਰਤਿਕਰਮ ਕੀ ਹੈ। ਨਾਲ ਹੀ ਰਿਪੋਰਟ ਵਿੱਚ ਨਸਲੀ ਅਪਰਾਧ ਅਤੇ ਵਿਭਾਗ ਵਿੱਚ ਮੁਲਾਜ਼ਮਤ ਦੇ ਮੁੱਦਿਆਂ ਦਾ ਜ਼ਿਕਰ ਵੀ ਹੈ।

### ਨਸਲੀ ਅਪਰਾਧ

ਕ੍ਰਾਈਮ ਐਂਡ ਡਿਸਾਰਡਰ ਐਕਟ 1998 (ਅਪਰਾਧ ਅਤੇ ਬਦਅਮਨੀ ਬਾਰੇ ਐਕਟ 1998) ਦੇ ਪਾਸ ਹੋਣ ਅਤੇ ਵਿਧਾਨਕ ਅਪਰਾਧ ਅਤੇ ਇਨ੍ਹਾਂ ਦੇ ਗੰਭੀਰ ਰੂਪ ਤੈਅ ਕੀਤੇ ਜਾਣ ਤੋਂ ਬਾਅਦ, ਵਿਭਾਗ ਵਿੱਚ ਇਕ ਕਰੜੀ ਪਾਲਿਸੀ ਲਾਗੂ ਕੀਤੀ ਗਈ, ਅਤੇ ਨਿਗਰਾਨੀ ਲਈ ਪ੍ਰਬੰਧ ਸਥਾਪਤ ਕੀਤੇ ਗਏ। ਇਸ ਤੋਂ ਇਲਾਵਾ ਲਾਰਡ ਐਡਵੋਕੇਟ ਵਲੋਂ ਪੁਲੀਸ ਨੂੰ ਨਸਲੀ ਅਪਰਾਧਾਂ ਦੀ ਜਾਂਚ ਅਤੇ ਰਿਪੋਰਟ ਲਈ ਕਰੜੇ ਦਿਸ਼ਾ ਨਿਰਦੇਸ਼ ਦਿਤੇ ਗਏ।

ਅਸੀਂ ਵੇਖਿਆ ਕਿ ਵਿਭਾਗਾਂ ਵਿੱਚ ਸਾਰੇ ਹੀ, ਪਾਲਿਸੀ ਤੋਂ ਜਾਣੂ ਹਨ ਅਤੇ ਇਸ ਸੰਬੰਧ ਵਿੱਚ ਡੂੰਘੀ ਨਿਗਰਾਨੀ ਰਖੀ ਜਾਂਦੀ ਹੈ ਅਤੇ ਬਹੁਤ ਹੀ ਥੋੜ੍ਹੇ ਅਪਵਾਦਾਂ ਨੂੰ ਛਡ ਕੇ ਇਸਦੀ ਪਾਲਣਾ ਦਾ ਦਰ ਬਹੁਤ ਉੱਚਾ ਹੈ। ਲਗਭਗ 85% ਕੇਸਾਂ ਵਿੱਚ ਅਦਾਲਤੀ ਕਾਰਵਾਈ ਕੀਤੀ ਗਈ, ਜਦ ਕਿ 60% ਕੇਸ ਅਜਿਹੇ ਹੁੰਦੇ ਹਨ, ਜਿਨ੍ਹਾਂ ਵਿੱਚ ਮਾਲੀ ਜੁਰਮਾਨਿਆਂ ਵਰਗੇ ਵਿਕਲਪ ਦੀ ਆਗਿਆ ਹੁੰਦੀ ਹੈ। ਪੁਲੀਸ ਵਲੋਂ ਪਾਲਣਾ 'ਤੇ ਵੀ ਗਹਿਰੀ ਨਜ਼ਰ ਰਖੀ ਗਈ ਹੈ, ਅਤੇ ਹਾਲਤ ਵਿੱਚ ਸੁਧਾਰ ਹੁੰਦਾ ਨਜ਼ਰ ਆਇਆ ਹੈ। ਪਾਲਿਸੀ ਤੋਂ ਇਹ ਸਪੱਸ਼ਟ ਸੰਕੇਤ ਮਿਲ ਗਿਆ ਜਾਪਦਾ ਹੈ, ਕਿ ਅਜਿਹੇ ਅਪਰਾਧਾਂ ਨੂੰ ਬਰਦਾਸ਼ਤ ਨਹੀਂ ਕੀਤਾ ਜਾਏਗਾ। ਸਾਨੂੰ ਸਟਾਫ਼, ਸਫ਼ਾਈ ਪੱਖ ਦੇ ਏਜੰਟਾਂ ਅਤੇ ਸ਼ੈਰਿਫ਼ਾਂ ਵਲੋਂ ਪਾਲਿਸੀ ਦੀ ਕਟੜਤਾ ਕਾਰਨ ਕੁਝ ਵਿਰੋਧਤਾ ਦਾ ਸਾਮ੍ਹਣਾ ਕਰਨਾ ਪਿਆ, ਪਰ ਪੀੜਤ ਧਿਰਾਂ ਨਾਲ ਸੰਪਰਕ ਕੀਤੇ ਜਾਣ 'ਤੇ ਇਹ ਪਾਇਆ ਗਿਆ ਕਿ ਇਹ ਸਹੀ ਪਹੁੰਚ ਹੈ।

ਇਹ ਪਾਲਿਸੀ ਵਿਲੱਖਣ ਢੰਗ ਨਾਲ ਤਿਆਰ ਕੀਤੀ ਗਈ ਹੈ ਅਤੇ ਇਸ ਦੇ ਸੰਬੰਧ ਵਿੱਚ ਪਹਿਲਾਂ ਨਸਲੀ ਬਰਾਬਰੀ ਬਾਰੇ ਕਮਿਸ਼ਨ ਨਾਲ ਸਲਾਹ ਮਸ਼ਵਰਾ ਕੀਤਾ ਗਿਆ ਅਤੇ ਅਸੀਂ ਸਮਝਦੇ ਹਾਂ ਕਿ ਇਸ ਰਵੱਈਏ ਨੂੰ ਨਰਮ ਕਰਨਾ ਸਮੇਂ ਤੋਂ ਪਹਿਲਾਂ ਦੀ ਗਲ ਹੋਵੇਗੀ।

ਅਸੀਂ ਵੇਖਿਆ ਹੈ ਕਿ ਨਸਲੀ ਅਪਰਾਧਾਂ ਵਿੱਚ ਦੰਡਿਤ ਕਰਨ ਦਾ ਦਰ ਬਹੁਤ ਉੱਚਾ ਹੈ। ਇਹ ਤਕਰੀਬਨ 80 % ਹੈ ਅਤੇ ਦੰਡਿਤ ਕੀਤੇ ਜਾਣ ਵਾਲੇ ਵਿਅਕਤੀਆਂ ਦੀ ਗਿਣਤੀ ਸਾਲੋ ਸਾਲ ਵਧ ਰਹੀ ਹੈ। ਸਾਨੂੰ

ਇਹ ਵੇਖਕੇ ਨਿਰਾਸਤਾ ਅਤੇ ਥੋੜ੍ਹੀ ਹੈਰਾਨੀ ਹੋਈ ਹੈ ਕਿ ਅਪਰਾਧੀਆਂ ਵਿੱਚ ਮਰਦ ਅਤੇ ਇਸਤਰੀਆਂ ਦੋਵੇਂ ਸ਼ਾਮਲ ਹਨ ਅਤੇ ਇਹ ਹਰ ਉਮਰ ਦੇ ਹਨ, ਅਤੇ ਇਹ ਅਪਰਾਧ ਸਿਰਫ਼ ਨੌਜਵਾਨ ਲੜਕਿਆਂ ਵਲੋਂ ਹੀ ਨਹੀਂ ਕੀਤੇ ਜਾਂਦੇ। ਇਕ ਹੋਰ ਪਰ ਘਟ ਹੈਰਾਨ ਕਰਨ ਵਾਲੀ ਗਲ ਅਸੀਂ ਇਹ ਵੇਖੀ ਹੈ, ਕਿ ਇਨ੍ਹਾਂ ਦੋਸ਼ੀਆਂ ਨੇ ਪਹਿਲਾਂ ਵੀ ਬੜੇ ਅਪਰਾਧ (71%) ਕੀਤੇ ਹੋਏ ਨੇ।

ਸਮੁੱਚੇ ਤੌਰ 'ਤੇ ਇਹ ਵੇਖਿਆ ਗਿਆ ਕਿ ਵਿਭਾਗ ਵਿਧਾਨਕ ਪ੍ਰਾਵਧਾਨਾਂ ਦੀ ਵਰਤੋਂ ਕਰ ਰਿਹਾ ਹੈ, ਅਤੇ ਪਾਲਿਸੀ 'ਤੇ ਅਮਲ ਹੋ ਰਿਹਾ ਹੈ ਅਤੇ ਇਸ 'ਤੇ ਗੂੜ੍ਹੀ ਨਿਗਰਾਨੀ ਰਖੀ ਜਾ ਰਹੀ ਹੈ। ਨਿਰਸੰਦੇਹ ਸਾਨੂੰ ਕਿਸੇ ਹੋਰ ਪਾਲਿਸੀ ਦਾ ਪਤਾ ਨਹੀਂ, ਜਿਸ 'ਤੇ ਏਨੀਂ ਗੂੜ੍ਹੀ ਨਿਗਰਾਨੀ ਰਖੀ ਜਾਂਦੀ ਹੋਵੇ।

<u>ਦੁਭਾਸ਼ੀਏ</u>

ਡਾ. ਜੰਡੂ ਇਸ ਨਤੀਜੇ 'ਤੇ ਪਹੁੰਚੇ ਸਨ ਕਿ ਛੋਕਰ (Chhokar) ਕੇਸ ਵਿੱਚ ਦੁਭਾਸ਼ੀਆਂ ਅਤੇ ਅਨੁਵਾਦ ਦਾ ਪ੍ਰਬੰਧ ਨਾਂਹ ਕੀਤਾ ਜਾਣਾ, ਇਕ ਵਡੀ ਉਕਾਈ ਸੀ।

ਵਿਭਾਗ ਨੇ ਦੁਭਾਸ਼ੀਆਂ ਦੀ ਵਰਤੋਂ ਦੇ ਸੰਬੰਧ ਵਿੱਚ ਬੜੇ ਵਿਸਥਾਰ ਨਾਲ ਦਿਸ਼ਾ ਨਿਰਦੇਸ਼ ਦਿਤੇ ਹਨ ਅਤੇ ਜਿਥੇ ਸੰਭਵ ਹੋਇਆ ਉਥੇ ਇਸ ਗਲ 'ਤੇ ਜ਼ੋਰ ਦੇ ਕੇ ਉਨ੍ਹਾਂ ਦਾ ਮਿਆਰ ਉੱਚਾ ਕਰਨ ਦਾ ਜਤਨ ਕੀਤਾ ਹੈ, ਕਿ ਦੁਭਾਸ਼ੀਆਂ ਕੋਲ ਪਬਲਿਕ ਸਰਵਿਸ ਇੰਟਰਪ੍ਰੇਟਿੰਗ ਦਾ ਡਿਪਲੋਮਾ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਕੋਰਟ ਵਿੱਚ ਨਿਰੰਤਰ ਅਤੇ ਨਾਲੋ ਨਾਲ ਅਨੁਵਾਦ ਕਰਨ ਦਾ ਤਾਜ਼ਾ ਤਜਰਬਾ ਹੋਣਾ ਚਾਹੀਦਾ ਹੈ। ਦੁਭਾਸ਼ੀਆਂ ਨੂੰ ਸਿਖਿਆ ਦੇਣ ਲਈ ਇਕ ਪ੍ਰੋਟੋਕੱਲ ਸਥਾਪਤ ਕੀਤਾ ਗਿਆ ਹੈ।

ਕ੍ਰਿਮਿਨਲ ਜਸਟਿਸ ਸਿਸਟਮ (ਅਪਰਾਧਕ ਨਿਆਂ ਪ੍ਰਣਾਲੀ) ਵਿੱਚ ਦੁਭਾਸ਼ੀਆਂ ਦੀ ਵਰਤੋਂ ਸਿਰਫ਼ ਵਿਭਾਗ ਵਲੋਂ ਹੀ ਨਹੀਂ ਕੀਤੀ ਜਾਂਦੀ। ਪੁਲੀਸ ਅਤੇ ਕੋਰਟ ਸਰਵਿਸ ਵੀ (ਦੋਸ਼ੀ ਵਿਅਕਤੀਆਂ ਲਈ) ਦੁਭਾਸ਼ੀਆਂ ਦੀ ਵਰਤੋਂ ਕਰਦੀ ਹੈ ਅਤੇ ਅਸੀਂ ਵੇਖਿਆ ਕਿ ਵਖ ਵਖ ਧਿਰਾਂ, ਦੁਭਾਸ਼ੀਆਂ ਅਤੇ ਅਨੁਵਾਦ ਬਾਰੇ ਵਰਕਿੰਗ ਗਰੁੱਪ ਦੀ ਸ਼ਕਲ ਵਿੱਚ ਇਕ ਸਾਂਝਾ ਰਵੱਈਆ ਅਪਣਾ ਰਹੀਆਂ ਹਨ। ਸਾਡੀ ਜਾਚੇ ਇਹ ਮਿਆਰਾਂ ਨੂੰ ਉਚੱਾ ਕਰਨ ਅਤੇ ਇਕਸਾਰਤਾ ਲਿਆਉਣ ਲਈ ਅਗੇ ਵਲ ਇਕ ਕਦਮ ਹੈ।

ਅਸੀਂ ਕਾਫ਼ੀ ਸਾਰੇ ਦੁਭਾਸ਼ੀਆਂ ਨੂੰ ਆਮੋ ਸਾਮ੍ਹਣੇ ਮਿਲੇ ਹਾਂ ਜਾਂ ਸਵਾਲਨਾਮੇ ਦੁਆਰਾ ਉਨ੍ਹਾਂ ਨਾਲ ਸੰਪਰਕ ਕੀਤਾ ਹੈ। ਤਜਰਬਾ ਮਿਲਿਆ ਜੁਲਿਆ ਰਿਹਾ ਹੈ। ਕੁਝ ਦਾ ਵਿਚਾਰ ਹੈ ਕਿ ਸਾਰੇ ਕੋਰਟ ਅਮਲੇ ਨੂੰ, ਜਿਨ੍ਹਾਂ ਵਿੱਚ ਜੱਜ, ਇਸਤਗ਼ਾਸਾ ਅਤੇ ਸਫ਼ਾਈ ਏਜੰਟ ਸ਼ਾਮਲ ਹਨ, ਇਸ ਟਰੇਨਿੰਗ ਤੋਂ ਫ਼ਾਇਦਾ ਹੋ ਸਕਦਾ ਹੈ ਕਿ ਦੁਭਾਸ਼ੀਆਂ ਦੀ ਕਿਵੇਂ ਵਰਤੋਂ ਕਰਨੀ ਚਾਹੀਦੀ ਹੈ। ਹੋਰ ਸਵਾਲ ਹਨ ਕਾਫ਼ੀ ਬਰੇਕ ਦੇਣ ਦਾ ਪ੍ਰਾਵਧਾਨ ਅਤੇ ਦੁਭਾਸ਼ੀਆਂ ਨਾਲ ਕਿਸਤਰ੍ਹਾਂ ਦਾ ਵਿਹਾਰ ਕੀਤਾ ਜਾਵੇ। ਅਸੀਂ ਕਈ ਸਿਫ਼ਾਰਸ਼ਾਂ ਕੀਤੀਆਂ ਹਨ, ਪਰ ਨਿਰਸੰਦੇਹ ਵਿਭਾਗ ਵਿੱਚ ਉਨ੍ਹਾਂ ਲੋਕਾਂ ਲਈ ਜਿਨ੍ਹਾਂ ਦੀ ਪਹਿਲੀ ਭਾਸ਼ਾ ਅੰਗਰੇਜ਼ੀ ਨਹੀਂ, ਦੁਭਾਸ਼ੀਆਂ ਦਾ ਪ੍ਰਬੰਧ ਕਰਨ ਦੇ ਸੰਬੰਧ ਵਿੱਚ ਹਾਲਤ ਕਾਫ਼ੀ ਸੁਧਰ ਗਈ ਹੈ।

ਅਨੁਵਾਦ ਦੇ ਸਿਲਸਲੇ ਵਿੱਚ ਵੀ ਏਨਾਂ ਹੀ ਸੁਧਾਰ ਹੋਇਆ ਹੈ; ਸਾਲ 2000 ਤੋਂ ਵਿਭਾਗ ਨੇ ਕੋਰਟ ਦੇ ਦਸਤਾਵੇਜ਼ਾਂ ਅਤੇ ਹੋਰ ਦਸਤਾਵੇਜ਼ਾਂ ਦੇ ਵਖ ਵਖ ਭਾਸ਼ਾਵਾਂ ਵਿੱਚ ਅਨੁਵਾਦ ਕਰਵਾਏ ਹਨ। ਇਨ੍ਹਾਂ ਵਿੱਚ ਸ਼ਾਮਲ ਹਨ ਕਈ ਵਿਸ਼ਿਆਂ ਬਾਰੇ ਮਿਆਰੀ ਲੀਫ਼ਲੈਟੱ ਜਿਵੇਂ ਕਿ ''ਇਕ ਗਵਾਹ ਹੋਣਾ'', ਪੁਲੀਸ ਦੇ ਖ਼ਿਲਾਫ਼ ਸ਼ਿਕਾਇਤਾਂ, ਕਰੀਅਰ ਸੰਬੰਧੀ ਜਾਣਕਾਰੀ ਅਤੇ ਹੋਰ।

ਇਸ ਤੋਂ ਇਲਾਵਾ ਸਾਰੇ ਨਸਲੀ ਕੇਸ ਪੀੜਤਾਂ ਲਈ ਸੂਚਨਾ ਅਤੇ ਸਲਾਹ ਬਾਰੇ ਸੰਗਠਨ ਨੂੰ ਭੇਜੇ ਜਾਂਦੇ ਹਨ, ਜੋ ਪੀੜਤਾਂ, ਸੋਗਵਾਰਾਂ ਅਤੇ ਸਭ ਤੋਂ ਨਜ਼ਦੀਕੀ ਰਿਸ਼ਤੇਦਾਰਾਂ ਨੂੰ ਸੂਚਨਾ ਮੁਹੱਈਆ ਕਰਦਾ ਹੈ।

ਮੋਟੇ ਤੌਰ 'ਤੇ ਜੋ ਤਬਦੀਲੀਆਂ ਸਾਡੇ ਵੇਖਣ ਵਿੱਚ ਆਈਆਂ ਹਨ, ਉਹ ਛੋਕਰ ਕੇਸ ਦੀਆਂ ਤ੍ਰੁਟੀਆਂ ਨੂੰ ਦੂਰ ਕਰਨ ਵਿੱਚ ਕਾਫ਼ੀ ਸਹਾਈ ਸਿਧ ਹੋਈਆਂ ਹਨ।

## ਮੁਲਾਜ਼ਮਤ

ਵਿਭਾਗ ਨੇ ਸਕਾਟਲੈਂਡ ਵਿੱਚ ਘਟ ਗਿਣਤੀ ਵਾਲੀਆਂ ਨਸਲੀ ਕਮਿਊਨਿਟੀਆਂ `ਚੋਂ ਮੁਲਾਜ਼ਮਾਂ ਨੂੰ ਆਕਰਸ਼ਤ ਕਰਨ ਦੀ ਕੋਸ਼ਿਸ਼ ਕੀਤੀ ਹੈ। 2001 ਦੀ ਮਰਦਮ ਸ਼ੁਮਾਰੀ ਅਨੁਸਾਰ ਸਕਾਟਲੈਂਡ ਵਿੱਚ ਨਸਲੀ ਘਟ ਗਿਣਤੀਆਂ ਦੀ ਆਬਾਦੀ 2% ਹੈ ਅਤੇ ਤਾਜ਼ਾ ਅੰਕੜਿਆਂ ਤੋਂ ਪਤਾ ਲਗਦਾ ਹੈ ਕਿ ਤਕਰੀਬਨ 2% ਸਟਾਫ਼ ਨਸਲੀ ਘਟਗਿਣਤੀ ਵਾਲੇ ਪਿਛੋਕੜ ਤੋਂ ਹੈ। ਇਸਤਰ੍ਹਾਂ ਵਿਭਾਗ ਕੌਮੀ ਅੰਕੜਿਆਂ ਦੀ ਨੁਹਾਰ ਪੇਸ਼ ਕਰਨ ਵਿੱਚ ਸਫ਼ਲ ਹੋ ਗਿਆ ਹੈ।

ਨਸਲੀ ਘਟਗਿਣਤੀਆਂ ਤੋਂ ਮੁਲਾਜ਼ਮਾਂ ਦਾ ਪ੍ਰਤਿਸ਼ਤ ਵਖ ਵਖ ਇਲਾਕਿਆਂ ਵਿੱਚ ਵਖੋ ਵਖ ਹੈ, ਪਰ ਅਸੀਂ ਵੇਖਿਆ ਹੈ ਕਿ ਇਹ ਮੋਟੇ ਤੌਰ `ਤੇ ਨਸਲੀ ਘਟ ਗਿਣਤੀਆਂ ਦੀ ਸਥਾਨਕ ਆਬਾਦੀ ਦੇ ਅੰਕੜਿਆਂ ਦੇ ਅਨੁਕੂਲ ਹੈ।

ਲੋਕਾਂ ਨੂੰ ਆਕਰਸ਼ਤ ਕਰਨ ਲਈ ਕਈ ਢੰਗ ਤਰੀਕੇ ਵਰਤੇ ਗਏ ਹਨ ਜਿਨ੍ਹਾਂ ਵਿੱਚ ਸ਼ਾਮਲ ਹਨ, ਸਕੂਲਾਂ ਵਿੱਚ ਇਕਤਰਤਾਵਾਂ, ਕਰੀਅਰ ਫ਼ੇਅਰਜ਼ (ਮੇਲੇ), ਨਸਲੀ ਬਰਾਬਰੀ ਬਾਰੇ ਕੌਂਸਲਾਂ ਅਤੇ ਹੋਰਨਾਂ ਤੋਂ ਮੁਲਾਜ਼ਮਾਂ ਦਾ ਆਰਜ਼ੀ ਤੌਰ `ਤੇ ਕੰਮ ਕਰਨ ਲਈ ਆਉਣਾ, ਅਤੇ ਹੋਰ ਮੁਲਾਜ਼ਮਾਂ ਨੂੰ ਉਨ੍ਹਾਂ ਵਿੱਚ ਭੇਜਿਆ ਜਾਣਾ। ਅਸੀਂ ਵੇਖਿਆ ਕਿ ਕਰੀਅਰ ਦੇ ਰੂਪ ਵਿੱਚ ਕਾਨੂੰਨ ਦੀ ਪੜ੍ਹਾਈ ਨਸਲੀ ਘਟ ਗਿਣਤੀਆਂ ਦੇ ਵਿਦਿਆਰਥੀਆਂ ਵਿੱਚ ਹਰਮਨ ਪਿਆਰੀ ਨਹੀਂ ਹੈ, ਪਰ ਹਾਲ ਵਿੱਚ ਹੀ ਵਿਭਾਗ ਨੂੰ ਇਕ ਨਸਲੀ ਘਟ ਗਿਣਤੀ ਦੇ ਪਿਛੋਕੜ ਦੇ ਟ੍ਰੇਨੀਆਂ ਨੂੰ ਆਕਰਸ਼ਤ ਕਰਨ ਵਿੱਚ ਸਫ਼ਲਤਾ ਮਿਲੀ ਹੈ।

2000 ਦੇ ਨਸਲੀ ਸੰਬੰਧਾਂ ਬਾਰੇ (ਤਰਮੀਮੀ) ਐਕਟ ਦੇ ਤਹਿਤ ਵਖ ਵਖ ਪਬਲਿਕ ਅਦਾਰਿਆਂ `ਤੇ ਸਟਾਫ਼ ਦੀ ਨਿਗਰਾਨੀ ਦੀਆਂ ਡਿਊਟੀਆਂ ਲਾਗੂ ਕੀਤੀਆਂ ਗਈਆਂ ਹਨ ਅਤੇ ਇਕ ਸਰਵੇਖਣ ਵਿੱਚ ਨਸਲੀ ਬਰਾਬਰੀ ਬਾਰੇ ਕਮਿਸ਼ਨ ਨੂੰ ਪਤਾ ਲਗਾ ਹੈ ਕਿ ਇਹ ਇਕ ਅਜਿਹਾ ਖੇਤਰ ਹੈ, ਜਿਥੇ ਪਾਲਣਾ ਇਸ ਤੋਂ ਚੰਗੇਰੀ ਹੋ ਸਕਦੀ ਹੈ। ਅਸੀਂ ਵੇਖਿਆ ਹੈ ਕਿ ਇਹ ਗਲ ਵਿਭਾਗ `ਤੇ ਵੀ ਢੁਕਦੀ ਹੈ। ਨਿਗਰਾਨੀ ਦੇ ਨਤੀਜਿਆਂ ਨੂੰ ਪ੍ਰਕਾਸ਼ਤ ਕਰਨ (ਜੋ ਕਿ ਜ਼ਰੂਰੀ ਹੈ) ਲਈ ਨਿਸਚਤ ਯੋਜਨਾਵਾਂ ਹਨ, ਸੂਚਨਾ ਉਪਲਬਧ ਹੈ, ਪਰ ਇਸ ਦਾ ਮਿਲਾਨ ਕਰਨ, ਇਸਨੂੰ ਪ੍ਰਕਾਸ਼ਤ ਕਰਨ ਅਤੇ ਸਭ ਤੋਂ ਜ਼ਰੂਰੀ ਗਲ ਇਹ ਕਿ ਇਸਦਾ ਵਿਸ਼ਲੇਸ਼ਣ ਕੀਤਾ ਜਾਣਾ ਹੈ।

ਜਿਥੋਂ ਤਕ ਟਰੇਨਿੰਗ ਦਾ ਸੰਬੰਧ ਹੈ, ਸਾਰੇ ਸਟਾਫ਼ ਲਈ ਵਿਭਿੰਨਤਾ ਬਾਰੇ ਜਾਣਕਾਰੀ ਦੇਣ ਲਈ ਇਕ ਦੋ-ਦਿਨਾਂ ਪ੍ਰੋਗਰਾਮ ਡਿਜ਼ਾਈਨ ਕੀਤਾ ਗਿਆ ਹੈ ਅਤੇ ਤਿਆਰ ਕਰ ਲਿਆ ਗਿਆ ਹੈ। ਇਸ ਵਿੱਚ ਕਾਫ਼ੀ ਸਾਰੀ ਬਾਹਰੀ ਸਮੱਗਰੀ ਸ਼ਾਮਲ ਹੈ, ਅਤੇ ਗੂੜ੍ਹੀ ਨਿਗਰਾਨੀ ਰਖੀ ਗਈ ਹੈ। ਇਸਦਾ ਬੜਾ ਚੰਗਾ ਪ੍ਰਤਿਕਰਮ ਮਿਲਿਆ ਹੈ ਅਤੇ ਵਿਭਾਗ ਨੇ ਉਸ ਤੋਂ ਬਾਅਦ ਪ੍ਰਭਾਵ ਦਾ ਜਾਇਜ਼ਾ ਲੈਣ ਦਾ ਜਤਨ ਕੀਤਾ ਹੈ। ਵਿਭਿੰਨਤਾ ਬਾਰੇ ਬਹੁਤ ਸਾਰੀ ਸੂਚਨਾ ਵਿਭਾਗ ਦੇ ਇੰਟਰਾਨੈਟੱ `ਤੇ ਸਟਾਫ਼ ਲਈ ਉਪਲਬਧ ਕਰਾਈ ਗਈ ਹੈ।

ਵਿਭਾਗ, ਨਸਲੀ ਘਟ ਗਿਣਤੀਆਂ `ਚੋਂ ਮੁਲਾਜ਼ਮ ਰਖਣ ਸੰਬੰਧੀ ਸਕਾਟਿਸ਼ ਐਗਜ਼ੈਕਟਿਵ ਦੇ ਟੀਚੇ ਪੂਰੇ ਕਰਨ ਵਿੱਚ ਸਫ਼ਲ ਰਿਹਾ ਹੈ ਅਤੇ ਇਸਨੇ ਸਾਰੇ ਸਟਾਫ਼ ਲਈ ਜਾਗਰੂਕਤਾ ਲਿਆਉਣ ਦਾ ਇਕ ਵਿਆਪਕ ਪ੍ਰੋਗਰਾਮ ਸ਼ੁਰੂ ਕੀਤਾ ਹੈ। ਇਹ ਵਿਭਾਗ ਲਈ ਇਕ ਵੱਡਾ ਨਿਵੇਸ਼ ਹੈ।

## ਸਲਾਹ ਮਸ਼ਵਰਾ

ਵਿਭਾਗ ਦਾ ਉਦੇਸ਼ ਇਕ ਸੁਤੰਤਰ ਆਧੁਨਿਕ ਪ੍ਰਾਸਿਕਿਊਸ਼ਨ ਸਰਵਿਸ ਪ੍ਰਦਾਨ ਕਰਨਾ ਹੈ, ਜੋ ਲੋਕ ਹਿਤ ਵਿੱਚ ਕੇਸਾਂ `ਤੇ ਉਚਿਤ ਢੰਗ ਨਾਲ ਅਤੇ ਨਿਰੰਤਰ ਕਾਰਵਾਈ ਕਰੇ ਅਤੇ ਲੋਕਾਂ ਦੀਆਂ ਲੋੜਾਂ ਪ੍ਰਤਿ ਸੰਵੇਦਨਸ਼ੀਲ ਹੋਵੇ।

ਡਾ. ਜੰਡੂ ਇਸ ਨਤੀਜੇ `ਤੇ ਪਹੁੰਚੇ ਸਨ ਕਿ ਵਿਭਾਗ ਬਾਰੇ ਬਹੁਤ ਚਿਰ ਤੋਂ ਇਹ ਪ੍ਰਭਾਵ ਰਿਹਾ ਹੈ ਕਿ ਇਹ ਇਕ ਬਿਨਾਂ ਕਿਸੇ ਚਿਹਰੇ-ਮੁਹਰੇ ਦੇ, ਘੁਮੰਡੀ, ਸੂਚਨਾ ਨੂੰ ਲੁਕਾ ਕੇ ਰਖਣ ਵਾਲਾ ਸੰਗਠਨ ਹੈ, ਜੋ ਕਿਸੇ ਅਗੇ ਜਵਾਬਦੇਹ ਨਹੀਂ ਹੈ।

ਵਿਭਾਗ ਨੇ ਛੋਕਰ ਕੇਸ ਦੇ ਤੁਰੰਤ ਬਾਅਦ ਨਸਲੀ (ਹੁਣ ਵਿਭਿੰਨਤਾ) ਰਣਨੀਤੀ ਗਰੁੱਪ ਕਾਇਮ ਕੀਤਾ, ਜਿਸ ਦਾ ਮੁਖੀ ਸਾਲਿਸਟਰ ਜਨਰਲ ਹੈ। ਇਸਦਾ ਕੰਮ ਵਿਭਾਗ ਦੀ ਨਸਲੀ ਮੁੱਦਿਆਂ ਬਾਰੇ ਰਣਨੀਤੀ ਤਿਆਰ ਕਰਨਾ ਅਤੇ ਰਣਨੀਤਕ ਯੋਜਨਾ ਦੇ ਕੰਮ 'ਤੇ ਨਿਗਰਾਨੀ ਰਖਣਾ ਹੈ।

ਇਸ ਕੇਂਦਰੀ ਪਾਲਿਸੀ ਸੰਸਥਾ ਤੋਂ, ਜਿਸਦੀ ਇਕ ਵਿਲੱਖਣ ਗਲ ਇਹ ਹੈ ਕਿ ਇਕ ਮਨਿਸਟਰ ਇਸਦਾ ਮੁਖੀ ਹੈ, ਨਤੀਜਿਆਂ ਦੀ ਪ੍ਰਾਪਤੀ ਲਈ ਵਿਭਾਗ ਦੀ ਪ੍ਰਤਿਬਧਤਾ ਦਾ, ਸਟਾਫ਼ ਅਤੇ ਆਮ ਲੋਕਾਂ ਦੋਹਾਂ ਨੂੰ ਇਕੋ ਜਿਹਾ ਜ਼ੋਰਦਾਰ ਸੰਕੇਤ ਮਿਲਦਾ ਹੈ।

ਜਨਤਾ ਤੋਂ, ਜਿਸਦੀ ਕਿ ਇਹ ਸੇਵਾ ਕਰਦਾ ਹੈ, ਫ਼ੀਡਬੈਕ ਪ੍ਰਾਪਤ ਕਰਨ ਲਈ ਇਸਨੇ ਕਈ ਇਕ ਕਦਮ ਚੁਕੇ ਹਨ। ਇਨ੍ਹਾਂ ਵਿੱਚ ਸਮਾਨਤਾ ਸਲਾਹਕਾਰ ਗਰੁੱਪ ਦੀ ਸਥਾਪਨਾ ਵੀ ਸ਼ਾਮਲ ਹੈ, ਜਿਸਦੇ ਕੰਮਾਂ ਵਿੱਚ ਸਮਾਨਤਾ ਦੇ ਮੁੱਦਿਆਂ ਬਾਰੇ ਮੌਜੂਦਾ ਅਤੇ ਭਵਿਖ ਦੀਆਂ ਪਾਲਿਸੀਆਂ ਦੇ ਪ੍ਰਭਾਵ ਸੰਬੰਧੀ ਸੁਤੰਤਰ ਸਲਾਹ ਪ੍ਰਦਾਨ ਕਰਨਾ ਸ਼ਾਮਲ ਹੈ। ਇਹ ਫ਼ੀਡਬੈਕ ਲਈ ਇਕ ਫ਼ੋਰਮ ਮੁਹੱਈਆ ਕਰਦਾ ਹੈ।

ਵਿਭਾਗ ਦੀ ਇਕ ਅੰਦਰੂਨੀ ਰੇਸ ਟੀਮ (ਨਸਲੀ ਟੀਮ) ਵੀ ਕਾਇਮ ਕੀਤੀ ਗਈ, ਜੋ ਨਸਲੀ ਬਰਾਬਰੀ ਬਾਰੇ ਕਾਰਜ ਯੋਜਨਾ [Race Equality Action Plan (REAP)] ਤਿਆਰ ਕਰੇਗੀ, ਅਤੇ ਇਸਨੂੰ ਅਮਲੀ ਰੂਪ ਦੇਣ ਵਿੱਚ ਸਮਰਥਨ ਦੇਵੇਗੀ ਅਤੇ ਨਸਲੀ ਵਿਭਿੰਨਤਾ ਬਾਰੇ ਸਥਾਨਕ ਖੇਤਰੀ ਟੀਮਾਂ ਨੂੰ ਸਲਾਹ ਪ੍ਰਦਾਨ ਕਰੇਗੀ। ਇਹ ਸਥਾਨਕ ਟੀਮਾਂ ਪਾਲਿਸੀ ਨੂੰ ਸਥਾਨਕ ਤੌਰ 'ਤੇ ਅਮਲ ਵਿੱਚ ਲਿਆਉਣ ਦਾ ਇਕ ਮੁਖ ਵਸੀਲਾ ਹਨ ਅਤੇ ਉਨ੍ਹਾਂ ਦੇ ਕਾਰਜਾਂ ਵਿੱਚ ਨਸਲੀ ਅਪਰਾਧਾਂ ਬਾਰੇ ਮੁਕਦੱਮੇ ਚਲਾਉਣ ਦੀ ਪਾਲਿਸੀ, ਭਰਤੀ ਅਤੇ ਹੋਰ ਮੁੱਦਿਆਂ 'ਤੇ ਨਜ਼ਰ ਰਖਣਾ ਸ਼ਾਮਲ ਹੈ। ਇਹ ਵਿਭਾਗ ਵਲੋਂ ਸਥਾਨਕ ਵਸੋਂ ਨਾਂਲ ਅਮਲੀ ਤੌਰ 'ਤੇ ਸੰਪਰਕ ਦੇ ਜਤਨ ਦੀ ਨੁਮਾਇੰਦਗੀ ਕਰਦੀਆਂ ਹਨ। ਰੇਸ ਟੀਮ ਨੇ ਸਥਾਨਕ ਮੈਨੇਜਰਾਂ ਵਲੋਂ ਪ੍ਰਭਾਵ ਦਾ ਜਾਇਜ਼ਾ ਲੈਣ ਦਾ ਇਕ ਢੰਗ ਸਿਰਜਿਆ ਹੈ ਅਤੇ ਨਸਲੀ ਬਰਾਬਰੀ ਬਾਰੇ ਕਮਿਸ਼ਨ ਨੂੰ ਅਜਿਹੀ ਸਲਾਹ ਲਈ ਹਾਲ ਵਿੱਚ ਹੀ ਇਕ ਵੈਬਸਾਈਟ ਮੁਹੱਈਆ ਕੀਤੀ ਹੈ।

ਵਿਭਾਗ ਵਲੋਂ ਅਪਣਾਏ ਗਏ ਵਖ ਵਖ ਢੰਗ, ਸਕਾਟਲੈਂਡ ਵਿੱਚ ਘਟ ਗਿਣਤੀ ਵਾਲੀਆਂ ਨਸਲੀ ਕਮਿਊਨਿਟੀਆਂ ਨਾਲ ਸੰਪਰਕ ਕਰਨ ਅਤੇ ਉਨ੍ਹਾਂ ਤੋਂ ਫ਼ੀਡਬੈਕ ਪ੍ਰਾਪਤ ਕਰਨ ਲਈ ਇਕ ਵਡੇ ਨਿਵੇਸ਼ ਦੇ ਰੂਪ ਵਿੱਚ ਵੇਖੇ ਜਾਂਦੇ ਹਨ, ਕੁਝ ਸੂਤਰਾਂ ਨੇ ਇਨ੍ਹਾਂ ਦੀ ਤਾਰੀਫ਼ ਕੀਤੀ ਹੈ ਅਤੇ ਕਿਹਾ ਹੈ ਕਿ ਇਹ ਹੋਰਨਾਂ ਲਈ ਇਕ ਮਾਡਲ ਬਣ ਸਕਦੇ ਹਨ, ਭਾਵੇਂ ਕਿ ਖ਼ੁਦ ਵਿਭਾਗ ਉਸਦੀ ਇਹ ਪਹੁੰਚ ਹੋਰਨਾਂ ਵਲੋਂ ਅਪਣਾਏ ਜਾਣ ਬਾਰੇ ਕੁਝ ਨਹੀਂ ਕਹਿ ਰਿਹਾ।

<u>ਨਸਲੀ ਬਰਾਬਰੀ ਸਕੀਮ</u>

ਡਾ. ਜੰਡੂ ਦੀ ਰਿਪੋਰਟ ਦੇ ਨਤੀਜੇ ਵਜੋਂ ਵਿਭਾਗ ਨੇ ਇਕ ਜੰਡੂ ਕਾਰਜ ਯੋਜਨਾ ਤਿਆਰ ਕੀਤੀ। ਪਹਿਲਾਂ ਲਾਰਡ ਐਡਵੋਕੇਟ ਨੇ ਡਾ. ਜੰਡੂ ਦੀਆਂ ਸਾਰੀਆਂ ਸਿਫ਼ਰਸ਼ਾਂ (ਕੁਲ ਮਿਲਾਕੇ 40) ਪ੍ਰਵਾਨ ਕਰ ਲਈਆਂ।

ਇਸ ਯੋਜਨਾ ਵਿੱਚ ਸੰਬੰਧਤ 'ਜੰਡੂ' ਸਿਫ਼ਾਰਸ਼ ਦਾ ਵਿਸਥਾਰ ਨਾਲ ਵਰਣਨ ਹੈ ਅਤੇ ਮੋਟੇ ਤੌਰ 'ਤੇ ਦਸਿਆ ਗਿਆ ਹੈ ਕਿ ਵਿਭਾਗ ਵਲੋਂ ਕੀ ਕੁਝ ਕੀਤਾ ਜਾਏਗਾ ਅਤੇ ਕਦੋਂ ਤਕ ਕੀਤਾ ਜਾਏਗਾ। ਇਹ ਇਕ ਤਿਆਰ ਪੈਮਾਨਾ ਪ੍ਰਦਾਨ ਕਰਦੀ ਹੈ, ਜਿਸ ਨਾਲ ਪ੍ਰਗਤੀ ਮਾਪੀ ਜਾ ਸਕਦੀ ਹੈ ਅਤੇ ਇਸਤਰ੍ਹਾਂ ਉਦੋਂ ਜਹੇ ਹੀ ਕਾਇਮ ਹੋਏ ਨਸਲੀ ਰਣਨੀਤੀ ਬਾਰੇ ਗਰੁੱਪ (Race Strategy Group) ਨੂੰ ਪ੍ਰਗਤੀ ਨੂੰ ਮਾਪਣ ਅਤੇ ਇਸ 'ਤੇ ਨਿਗਰਾਨੀ ਰਖਣ ਦਾ ਇਕ ਵਸੀਲਾ ਮਿਲ ਗਿਆ। ਯੋਜਨਾ ਦੇ ਮੁਖ ਮੀਲ ਪਥਰਾਂ ਦੀ ਪੂਰਤੀ ਹੋ ਚੁਕੀ ਹੈ, ਜਿਨ੍ਹਾਂ ਵਿੱਚ ਪੁਲੀਸ ਲਈ ਦਿਸ਼ਾ ਨਿਰਦੇਸ਼ ਅਤੇ ਵਿਭਿੰਨਤਾ ਬਾਰੇ ਜਾਗਰੂਕਤਾ ਲਿਆਉਣ ਦਾ ਪ੍ਰੋਗਰਾਮ ਸ਼ਾਮਲ ਹਨ। ਇਹ ਪਹੁੰਚ ਸਾਡੀ ਜਾਚੇ ਸੰਪੂਰਨ ਹੈ ਅਤੇ ਇਸਦੇ ਉਦੇਸ਼ ਕਾਫ਼ੀ ਹਦ ਤਕ ਪੂਰੇ ਹੋ ਗਏ ਹਨ।

ਸਨ 2000 ਦੇ ਨਸਲੀ ਸੰਬੰਧਾਂ ਬਾਰੇ (ਤਰਮੀਮੀ) ਐਕਟ ਦੇ ਤਹਿਤ ਪਬਲਿਕ ਅਥਾਰਿਟੀਆਂ ਲਈ ਇਹ ਜ਼ਰੂਰੀ ਸੀ, ਕਿ ਉਹ 30 ਨਵੰਬਰ 2002 ਤਕ ਨਸਲੀ ਬਰਾਬਰੀ ਬਾਰੇ ਸਕੀਮ ਤਿਆਰ ਕਰਕੇ ਪ੍ਰਕਾਸ਼ਤ ਕਰ ਦੇਣ, ਜਿਸ ਵਿੱਚ ਦਸਿਆ ਜਾਏ ਕਿ ਉਨ੍ਹਾਂ ਦਾ ਨਸਲੀ ਬਰਾਬਰੀ ਵਿੱਚ ਵਾਧਾ ਕਰਨ ਦੀਆਂ ਆਪਣੀਆਂ ਜ਼ਿਮੇਵਾਰੀਆਂ ਕਿਵੇਂ ਪੂਰੀਆਂ ਕਰਨ ਦਾ ਇਰਾਦਾ ਹੈ। ਸਕਾਟਿਸ਼ ਐਗਜ਼ੈਕਟਿਵ ਨੇ ਇਕ ਸਮੁੱਚੀ ਨਸਲੀ ਸਮਾਨਤਾ ਸਕੀਮ ਪ੍ਰਕਾਸ਼ਤ ਕੀਤੀ, ਅਤੇ ਵਿਭਾਗ ਨੇ ਵੇਰਵੇ ਸਹਿਤ ਇਕ ਨਸਲੀ ਬਰਾਬਰੀ ਕਾਰਜ ਯੋਜਨਾ

[Race Equality Action Plan (REAP)] ਪ੍ਰਕਾਸ਼ਤ ਕੀਤੀ, ਜਿਸ ਵਿੱਚ ਇਕ ਵਡੀ ਹੱਦ ਤਕ ਜੰਡੂ ਯੋਜਨਾ ਨੂੰ ਅਗੇ ਤੋਰਿਆ ਗਿਆ ਹੈ।

REAP ਦੇ ਕੰਮ 'ਤੇ ਨਸਲੀ ਰਣਨੀਤੀ ਬਾਰੇ ਗਰੁੱਪ (Race Strategy Group) ਵਲੋਂ ਡੂੰਘੀ ਨਜ਼ਰ ਰਖੀ ਜਾਂਦੀ ਹੈ ਅਤੇ ਯੋਜਨਾ ਵਿੱਚ ਵੇਰਵਿਆਂ ਵਲ ਜਿਸਤਰ੍ਹਾਂ ਧਿਆਨ ਦਿਤਾ ਗਿਆ ਹੈ, ਉਸਦੀ ਅਤੇ ਯੋਜਨਾ ਦੀ ਸੰਪੂਰਣਤਾ ਦੀ ਪ੍ਰਸ਼ੰਸਾ ਕੀਤੀ ਗਈ ਹੈ। ਇਸ 'ਤੇ ਹਾਲ ਵਿੱਚ ਹੀ ਨਜ਼ਰਸਾਨੀ ਕੀਤੀ ਗਈ ਹੈ। ਵੇਖਣ 'ਤੇ ਇਹ ਪਤਾ ਲਗਾ ਹੈ, ਕਿ ਸਾਰੇ ਮੁਖ ਉਦੇਸ਼ ਪੂਰੇ ਹੋ ਗਏ ਹਨ ਅਤੇ ਸਾਲ 4 ਲਈ ਕਈ ਇਕ ਨਵੇਂ ਉਦੇਸ਼ਾਂ ਦੀ ਨਿਸ਼ਾਨਦਹੀ ਕੀਤੀ ਗਈ ਹੈ।

ਅਸੀਂ ਵੇਖਿਆ ਹੈ ਕਿ ਰਣਨੀਤੀ ਪ੍ਰਤਿ ਪਹੁੰਚ ਇਕ ਬਹੁਤ ਹੀ ਸੰਪੂਰਨ ਪਹੁੰਚ ਹੈ, ਅਤੇ ਇਸ 'ਤੇ ਡੂੰਘੀ ਨਿਗਰਾਨੀ ਰਖੀ ਜਾ ਰਹੀ ਹੈ। ਤਜਰਬੇ ਤੋਂ ਸਿਖਣ ਅਤੇ ਇਸਨੂੰ ਹਾਲਾਤ ਦੇ ਅਨੁਕੂਲ ਢਾਲਣ ਲਈ ਰਜ਼ਾਮੰਦੀ ਸਪਸ਼ੱਟ ਰੂਪ ਵਿੱਚ ਵਿਖਾਈ ਦਿੰਦੀ ਹੈ।

<u>ਅੰਤਲੀਆਂ ਟਿੱਪਣੀਆਂ</u>

ਸਮੁਚੇ ਤੌਰ 'ਤੇ ਅਸੀਂ ਮਹਿਸੂਸ ਕਰਦੇ ਹਾਂ, ਕਿ ਛੋਕਰ ਕੇਸ ਤੋਂ ਬਾਅਦ 6 ਸਾਲਾਂ ਵਿੱਚ ਵਿਭਾਗ ਨੇ ਕਈ ਖੇਤਰਾਂ ਵਿੱਚ ਅਤੇ ਕਈ ਪਹਿਲੂਆਂ ਤੋਂ ਬਹੁਤ ਹੀ ਨਿਗਰ ਪ੍ਰਗਤੀ ਕੀਤੀ ਹੈ।

ਸੰਕੇਤ ਬਹੁਤ ਉਤਸ਼ਾਤਜਨਕ ਹਨ ਅਤੇ ਮਨਿਸਟਰ ਅਤੇ ਮੈਨੇਜਮੈਂਟ ਦੋਹਾਂ ਹੀ ਪਧਰਾਂ 'ਤੇ ਐਨ ਉਪਰੋਂ ਸਪੱਸ਼ਟ ਅਗਵਾਈ ਮਿਲਣ ਤੋਂ ਕਾਰਜ ਲਈ ਪ੍ਰਤਿਬਧਤਾ ਦਾ ਪੱਕਾ ਸਬੂਤ ਮਿਲਦਾ ਹੈ।

ਅਸੀਂ ਅਵੇਸਲੇ ਹੋਣ ਵਿਰੁਧ ਚਿਤਾਵਨੀ ਦਿਤੀ, ਪਰ ਸਾਨੂੰ ਕਿਸੇ ਅਵੇਸਲੇਪਣ ਦਾ ਸਬੂਤ ਨਹੀਂ ਮਿਲਿਆ। ਭਾਵੇਂ ਸਾਡੀਆਂ ਕਈ ਸਿਫ਼ਾਰਸ਼ਾਂ ਅਤੇ ਸੁਝਾਅ ਹਨ, ਜਿਨ੍ਹਾਂ ਦਾ ਸੰਬੰਧ ਵੇਰਵਿਆਂ ਨਾਲ ਹੈ, ਪਰ ਪਾਲਿਸੀ/ਅਮਲ ਵਿੱਚ ਕੋਈ ਨਿਗਰ ਖੱਪਾ ਨਜ਼ਰ ਨਹੀਂ ਆਇਆ ਅਤੇ ਵਿਭਾਗ ਨੇ ਕਈ ਨਵੇਂ ਉਦਮ ਸ਼ੁਰੂ ਕੀਤੇ ਹਨ ਅਤੇ ਹੋਰ ਸੰਗਠਨਾਂ ਨਾਲ ਮਿਲ ਕੇ ਕੰਮ ਕੀਤਾ ਜਾ ਰਿਹਾ ਹੈ।

**ਜੋਜ਼ਫ ਟੀ ਓਡੋਨਲ (Joseph T O'Donnell)**
ਚੀਫ਼ ਇਨਸਪੈਕਟਰ